

## ਕੈਲੀਫ਼ੋਰਨੀਆ ਪੇਡ ਫ਼ੈਮਲੀ ਲੀਵ ਦੇ ਬਾਰੇ

ਕੰਮ ਕਰਨ ਵਾਲੇ ਬਹੁਤੇ ਕੈਲੇਫੋਰਨੀਆ ਵਾਸੀਆਂ ਨੂੰ, ਆਪਣੇ ਕਿਸੇ ਅਜ਼ੀਜ਼ ਦੇ ਨਾਲ ਰਹਿਣ ਲਈ ਸਮਾਂ ਕੱਢਣਾ ਮੁਸ਼ਕਲ ਹੋ ਸਕਦਾ ਹੈ ਜਦੋਂ ਉਹਨਾਂ ਨੂੰ ਇਸਦੀ ਬਹੁਤ ਜਰੂਰਤ ਹੁੰਦੀ ਹੈ। ਕੈਲੀਫ਼ੋਰਨੀਆ ਪੇਡ ਫ਼ੈਮਲੀ ਲੀਵ ਪ੍ਰੋਗਰਾਮ ਉਨ੍ਹਾਂ ਮਹਤੱਵਪੂਰਨ ਪਲਾਂ ਲਈ ਬਣਾਇਆ ਗਿਆ ਸੀ - ਜਦੋਂ ਤੁਸੀਂ ਇੱਕ ਨਵ-ਜਨਮੇ ਬੱਚੇ ਨਾਲ ਬੌਂਡਿੰਗ ਕਰ ਰਹੇ ਹੋ ਜਾਂ ਕਿਸੇ ਗੰਭੀਰ ਬਿਮਾਰ ਪਰਿਵਾਰਕ ਮੈਂਬਰ ਦੀ ਸੰਭਾਲ ਕਰਦੇ ਹੋ।

## ਕੈਲੀਫ਼ੋਰਨੀਆ ਪੇਡ ਫ਼ੈਮਲੀ ਲੀਵ ਬਾਰੇ ਤੇਜ਼ ਤੱਥ

- ਇੱਕ ਨਵ-ਜਨਮੇ ਬੱਚੇ ਦੇ ਨਾਲ ਬੌਂਡਿੰਗ ਬਨਾਉਣ ਲਈ (ਜਨਮ, ਗੋਦ ਲੈਣ ਜਾਂ ਪਾਲਣ-ਪੋਸ਼ਣ ਸੰਬੰਧੀ ਦੇਖਭਾਲ ਦੁਆਰਾ) ਜਾਂ ਕਿਸੇ ਗੰਭੀਰ ਬੀਮਾਰ ਪਰਿਵਾਰਕ ਮੈਂਬਰ (ਬੱਚਾ, ਮਾਤਾ-ਪਿਤਾ, ਸੱਸ-ਸਹੁਰਾ, ਦਾਦਾ-ਦਾਦੀ, ਪੋਤਾ/ਪੋਤੀ, ਭੈਣ/ਭਰਾ, ਪਤੀ/ਪਤਨੀ ਜਾਂ ਰਜਿਸਟਰਡ ਘਰੇਲੂ ਪਾਰਟਨਰ) ਦੀ ਦੇਖਭਾਲ ਲਈ, ਛੇ ਹਫ਼ਤਿਆਂ ਤੱਕ ਤਨਖਾਹ ਤਬਦੀਲੀ ਲਾਭ ਪ੍ਰਦਾਨ ਕੀਤੇ ਜਾਂਦੇ ਹਨ।
- ਇੱਕ ਵਾਰ ਵਿੱਚ ਹੀ ਪੂਰੇ ਲਾਭ ਲੈਣ ਦੀ ਲੋੜ ਨਹੀਂ ਹੈ।
- ਤੁਹਾਡੀ ਛੁੱਟੀ ਦੇ ਦੌਰਾਨ ਤੁਹਾਡੀ ਤਨਖਾਹ ਦਾ ਤਕਰੀਬਨ 60 ਤੋਂ 70 ਫ਼ੀਸਦੀ ਹਿੱਸਾ ਮੁਹੱਈਆ ਕੀਤਾ ਜਾਂਦਾ ਹੈ।
- ਤੁਹਾਡੇ ਰਾਜਕੀ ਅਪਾਹਜਤਾ ਬੀਮਾ ਟੈਕਸ ਵਿਦਹੋਲਡਿੰਗ ਰਾਹੀਂ ਇਸਦਾ ਭੁਗਤਾਨ ਕੀਤਾ ਜਾਂਦਾ ਹੈ, ਇਸ ਲਈ ਤੁਹਾਡੇ ਯੋਗ ਹੋਣ ਦੀ ਵਧੇਰੀ ਸੰਭਾਵਨਾ ਹੈ ਜੇਕਰ ਤੁਸੀਂ ਰਾਜਕੀ ਅਪਾਹਜਤਾ ਬੀਮਾ ਵਿੱਚ (ਤਨਖਾਹ ਸਲਿੱਪਾਂ 'ਤੇ "CASDI") ਜਾਂ ਪਿਛਲੇ 5 ਤੋਂ 18 ਮਹੀਨਿਆਂ ਵਿਚ ਕਿਸੇ ਯੋਗ ਸਵੈ-ਇੱਛਤ ਯੋਜਨਾ ਵਿੱਚ ਭੁਗਤਾਨ ਕੀਤਾ ਹੈ।
- ਬਾਂਡਿੰਗ ਦਾਅਵੇ ਦੀ ਵਰਤੋਂ ਇੱਕ ਨਵ-ਜਨਮੇ ਬੱਚੇ ਦੇ ਤੁਹਾਡੇ ਪਰਿਵਾਰ ਵਿੱਚ ਸ਼ਾਮਿਲ ਹੋਣ ਤੋਂ ਬਾਅਦ, ਪਹਿਲੇ 12 ਮਹੀਨਿਆਂ ਵਿੱਚ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ।

CALIFORNIA
PAID FAMILY LEAVE
**moments matter.**

## ਕੈਲੀਫ਼ੋਰਨੀਆ ਵਿੱਚ, ਇਹ ਕਨੂੰਨ ਹੈ।

ਪੇਡ ਫ਼ੈਮਲੀ ਲੀਵ ਬੈਨੇਫ਼ਿਟ:
ਕੈਲੀਫ਼ੋਰਨੀਆ ਦੇ ਲੋਕਾਂ ਨੂੰ ਬੇਸ਼ਕੀਮਤੀ ਪਲਾਂ ਵਿਚ ਮੌਜੂਦ ਰਹਿਣ ਲਈ ਲੋੜੀਂਦਾ ਸਮਾਂ ਪ੍ਰਦਾਨ ਕਰਦੇ ਹੋਏ।

| | |
|---|---|
| **ਅੰਗਰੇਜ਼ੀ** | 1-877-238-4373 |
| **ਸਪੈਨਿਸ਼** | 1-877-379-3819 |
| **ਕੈਂਟੋਨੀਜ਼** | 1-866-692-5595 |
| **ਵਿਅਤਨਾਮੀ** | 1-866-692-5596 |
| **ਆਰਮੀਨੀਆਈ** | 1-866-627-1567 |
| **ਪੰਜਾਬੀ** | 1-866-627-1568 |
| **ਤਾਗਾਲੋਗ** | 1-866-627-1569 |
| **TTY** | 1-800-445-1312 |

ਕਲੇਮ ਫ਼ਾਰਮ ਲੈਣ ਲਈ, ਜਾਣਕਾਰੀ ਪ੍ਰਾਪਤ ਕਰਨ ਲਈ, ਜਾਂ ਇੱਕ ਪ੍ਰਤੀਨਿਧੀ ਨਾਲ ਗੱਲ ਕਰਨ ਲਈ, ਪੇਡ ਫ਼ੈਮਲੀ ਲੀਵ ਜਾਂ ਅਪਾਹਜਤਾ ਬੀਮਾ ਦਫ਼ਤਰ ਜਾਇਆ ਜਾ ਸਕਦਾ ਹੈ।
ਕਿਸੇ ਦਫਤਰ ਦਾ ਪਤਾ ਲਗਾਉਣ ਲਈ
**edd.ca.gov/Disability/Contact_SDI.htm** ਤੇ ਜਾਓ।

EDD Employment Development Department
State of California

ਵਧੇਰੀ ਜਾਣਕਾਰੀ ਲਈ, ਵੇਖੋ:
**CaliforniaPaidFamilyLeave.com**

EDD ਸਮਾਨ ਮੌਕੇ ਦੇਣ ਵਾਲਾ ਰੁਜ਼ਗਾਰਦਾਤਾ/ਪ੍ਰੋਗਰਾਮ ਹੈ। ਬੇਨਤੀ ਕਰਨ ਤੇ ਅਸਮਰੱਥ ਲੋਕਾਂ ਲਈ ਵਾਧੂ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। 1-866-490-8879 (ਵੌਇਸ) 'ਤੇ ਕਾਲ ਕਰਕੇ ਸੇਵਾਵਾਂ, ਏਡਜ਼ ਅਤੇ / ਜਾਂ ਦੂਜੇ ਫਾਰਮੈਟ ਲਈ ਬੇਨਤੀਆਂ ਕੀਤੀਆਂ ਜਾ ਸਕਦੀਆਂ ਹਨ।
TTY ਵਰਤੋਂਕਾਰ, ਕਿਰਪਾ ਕਰਕੇ 711 'ਤੇ California Relay Service ਨੂੰ ਫ਼ੋਨ ਕਰੋ।





ਕੈਲੀਫ਼ੋਰਨੀਆ ਪੇਡ ਫ਼ੈਮਲੀ ਲੀਵ

# ਕੈਲੀਫ਼ੋਰਨੀਆ ਦੇ ਲੋਕਾਂ ਦੀ ਬੇਸ਼ਕੀਮਤੀ ਪਲਾਂ ਵਿੱਚ ਮੌਜੂਦ ਰਹਿਣ ਲਈ ਮਦਦ ਕਰਨਾ।





## ਕੀ ਮੈਂ ਕੈਲੀਫ਼ੋਰਨੀਆ ਪੇਡ ਫ਼ੈਮਲੀ ਲੀਵ ਲਈ ਯੋਗ ਹਾਂ?

ਪੇਡ ਫ਼ੈਮਲੀ ਲੀਵ ਦੇ ਲਈ ਯੋਗ ਹੋਣ ਲਈ, **ਤੁਹਾਡੇ ਲਈ ਹੇਠ ਲਿਖੀਆਂ** ਲੋੜਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ:

- ਇੱਕ ਗੰਭੀਰ ਬਿਮਾਰ ਪਰਿਵਾਰਕ ਮੈਂਬਰ ਦੀ ਦੇਖਭਾਲ ਜਾਂ ਨਵ-ਜਨਮੇ ਬੱਚੇ ਦੇ ਨਾਲ ਬਾਂਡਿੰਗ ਲਈ ਕੰਮ ਤੋਂ ਸਮਾਂ ਕੱਢਣਾ ਜਰੂਰੀ ਹੈ।
- ਰਾਜਕੀ ਅਪਾਹਜਤਾ ਬੀਮਾ (ਜਾਂ ਰਾਜਕੀ ਅਪਾਹਜਤਾ ਬੀਮਾ ਦੇ ਬਦਲੇ ਇੱਕ ਸਵੈ-ਇੱਛਤ ਯੋਜਨਾ) ਹੇਠ ਕਵਰ ਹੋਣਾ।
- ਪਿਛਲੇ 5 ਤੋਂ 18 ਮਹੀਨਿਆਂ ਵਿੱਚ ਘੱਟੋ ਘੱਟ $300 ਕਮਾਇਆ ਹੈ।
- ਆਪਣੀ ਫ਼ੈਮਲੀ ਲੀਵ ਸ਼ੁਰੂ ਕਰਨ ਤੋਂ ਬਾਅਦ 41 ਦਿਨਾਂ ਦੇ ਅੰਦਰ ਆਪਣਾ ਦਾਅਵਾ ਪੇਸ਼ ਕਰੋ। ਆਪਣੀ ਛੁੱਟੀ ਦੇ ਪਹਿਲੇ ਦਿਨ ਤੋਂ ਪਹਿਲਾਂ ਫਾਇਲ ਨਾ ਕਰੋ।

ਜੇ ਤੁਹਾਡੇ ਨਿਯੋਕਤਾ ਵੱਲੋਂ ਲੋੜੀਂਦਾ ਹੋਵੇ, ਤਾਂ ਤੁਹਾਨੂੰ ਦੋ ਹਫ਼ਤਿਆਂ ਤੱਕ ਦੀਆਂ ਨਾ ਵਰਤੀਆਂ ਗਈਆਂ ਛੁੱਟੀਆਂ ਦੇ ਪੇਡ-ਟਾਇਮ ਔਫ ਦੀ ਵਰਤੋਂ ਕਰਨੀ ਚਾਹੀਦੀ ਹੈ। ਆਪਣੇ ਨਿਯੋਕਤਾ ਦੀਆਂ ਲੋੜਾਂ ਦੀ ਪੁਸ਼ਟੀ ਕਰਨ ਲਈ ਆਪਣੇ ਮਾਨਵ ਸੰਸਾਧਨ ਵਿਭਾਗ ਨਾਲ ਗੱਲ ਕਰੋ।

## ਫ਼ਾਇਦਿਆਂ ਦੀ ਰਕਮ ਦਾ ਹਿਸਾਬ ਕਿੰਝ ਲਗਾਇਆ ਜਾਂਦਾ ਹੈ?

ਕੈਲੀਫ਼ੋਰਨੀਆ ਪੇਡ ਫ਼ੈਮਲੀ ਲੀਵ ਤੁਹਾਡੀ ਹਫ਼ਤਾਵਾਰੀ ਤਨਖਾਹ ਦਾ ਤਕਰੀਬਨ 60 ਤੋਂ 70 ਫ਼ੀਸਦੀ ($50 ਤੋਂ $1,216 ਤੱਕ ਹਫ਼ਤਾਵਾਰ) ਤੱਕ ਪ੍ਰਦਾਨ ਕਰਦੀ ਹੈ।

ਤੁਹਾਡੇ ਦਾਅਵੇ ਦੀ ਸ਼ੁਰੂਆਤ ਤੋਂ ਪਹਿਲਾਂ, ਪਿੱਛਲੇ 5 ਤੋਂ 18 ਮਹੀਨਿਆਂ ਵਿੱਚ ਤੁਹਾਡੀ ਉੱਚਤਮ ਤਿਮਾਹੀ ਆਮਦਨੀ ਤੋਂ ਫ਼ਾਇਦੇ ਦੀ ਰਕਮ ਦਾ ਹਿਸਾਬ ਲਗਾਇਆ ਜਾਂਦਾ ਹੈ। ਰੁਜ਼ਗਾਰ ਵਿਕਾਸ ਮਹਿਕਮੇ ਕੋਲ **edd.ca.gov/PFL_Calculator** 'ਤੇ ਇਕ ਔਨਲਾਈਨ ਕੈਲਕੁਲੇਟਰ ਹੈ ਜੋ ਤੁਹਾਡੇ ਹਫ਼ਤੇਵਾਰ ਫ਼ਾਇਦੇ ਦੀ ਰਕਮ ਦਾ ਅੰਦਾਜ਼ਾ ਲਗਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।







## ਕੀ ਪੇਡ ਫ਼ੈਮਲੀ ਲੀਵ ਨੌਕਰੀ ਦੀ ਸੁਰੱਖਿਆ ਪ੍ਰਦਾਨ ਕਰਦੀ ਹੈ?

ਕੈਲੀਫ਼ੋਰਨੀਆ ਪੇਡ ਫ਼ੈਮਲੀ ਲੀਵ ਨੌਕਰੀ ਦੀ ਸੁਰੱਖਿਆ ਜਾਂ ਕੰਮ ਤੇ ਵਾਪਸ ਜਾਣ ਦਾ ਹੱਕ ਪ੍ਰਦਾਨ ਨਹੀਂ ਕਰਦੀ ਹੈ। ਹਾਲਾਂਕਿ, ਦੂਜੇ ਕਨੂੰਨਾਂ ਵਿੱਚ ਨੌਕਰੀ ਦੀ ਸੁਰੱਖਿਆ ਪ੍ਰਦਾਨ ਕੀਤੀ ਜਾ ਸਕਦੀ ਹੈ (ਜੇ ਤੁਸੀਂ ਯੋਗ ਹੋ), ਜਿਵੇਂ ਕਿ ਫੈਡਰਲ ਫ਼ੈਮਿਲੀ ਅਤੇ ਮੈਡੀਕਲ ਲੀਵ ਐਕਟ, ਕੈਲੀਫੋਰਨੀਆ ਫ਼ੈਮਲੀ ਰਾਈਟਸ ਐਕਟ, ਜਾਂ ਨਵਾਂ ਪੇਰੈਂਟ ਲੀਵ ਐਕਟ। ਆਪਣੀ ਕੰਪਨੀ ਦੀ ਨੀਤੀ ਦੇ ਅਨੁਸਾਰ, ਨੌਕਰੀ ਛੱਡਣ ਦੀ ਆਪਣੀ ਯੋਜਨਾ ਅਤੇ ਨੌਕਰੀ ਛੱਡਣ ਦੇ ਕਾਰਨ ਦੇ ਬਾਰੇ ਆਪਣੇ ਰੁਜ਼ਗਾਰਦਾਤਾ ਨੂੰ ਸੂਚਿਤ ਕਰੋ।



## ਮੈਂ ਲਾਭਾਂ ਲਈ ਕਿਵੇਂ ਅਰਜ਼ੀ ਦੇਵਾਂ?

SDI ਆਨਲਾਈਨ ਦੀ ਵਰਤੋਂ ਕਰਦੇ ਹੋਏ ਕੈਲੀਫ਼ੋਰਨੀਆ ਪੇਡ ਫ਼ੈਮਲੀ ਲੀਵ ਲਾਭਾਂ ਲਈ ਅਰਜੀ ਦਿਓ। ਵਧੇਰੇ ਜਾਣਕਾਰੀ ਲਈ **edd.ca.gov/SDI_Online** 'ਤੇ ਜਾਓ।

ਤੁਸੀਂ ਕਾਗਜ਼ੀ ਫ਼ਾਰਮ ਦੀ ਵਰਤੋਂ ਕਰਕੇ ਵੀ ਅਰਜ਼ੀ ਦੇ ਸਕਦੇ ਹੋ। *Claim for Paid Family Leave Benefits*, DE 2501F (ਪੇਡ ਫ਼ੈਮਲੀ ਲੀਵ ਬੈਨੀਫ਼ਿਟ ਲਈ ਦਾਅਵਾ) ਫ਼ਾਰਮ ਲਈ ਬੇਨਤੀ ਕਰਨ ਲਈ **edd.ca.gov/Forms** 'ਤੇ ਜਾਓ।

ਦੇਖਭਾਲ ਦੇ ਦਾਅਵਿਆਂ ਲਈ, ਇਹ ਵਿਖਾਉਂਦੇ ਹੋਏ ਡਾਕਟਰੀ ਪ੍ਰਮਾਣੀਕਰਨ ਪੇਸ਼ ਕਰੋ ਕਿ ਦੇਖਭਾਲ ਪ੍ਰਾਪਤ ਕਰਤਾ ਦੀ ਗੰਭੀਰ ਸਿਹਤ-ਸਬੰਧੀ ਸਥਿਤੀ ਹੈ ਅਤੇ ਉਸਨੂੰ ਤੁਹਾਡੀ ਦੇਖਭਾਲ ਦੀ ਲੋੜ ਹੈ। ਇਹ ਦੇਖਭਾਲ ਕਰਤਾ ਦੇ ਡਾਕਟਰ / ਪ੍ਰੈਕਟੀਸ਼ਨਰ ਦੁਆਰਾ ਪੂਰਾ ਕੀਤਾ ਜਾਣਾ ਚਾਹੀਦਾ ਹੈ। ਦੇਖਭਾਲ ਪ੍ਰਾਪਤਕਰਤਾ ਬਾਰੇ ਜਾਣਕਾਰੀ ਅਤੇ ਉਨ੍ਹਾਂ ਦੇ ਦਸਤਖ਼ਤ ਦੀ ਵੀ ਲੋੜ ਹੁੰਦੀ ਹੈ।

ਬੌਂਡਿੰਗ ਦੇ ਦਾਅਵਿਆਂ ਲਈ, ਤੁਹਾਡੇ ਅਤੇ ਤੁਹਾਡੇ ਬੱਚੇ ਦੇ ਵਿਚਕਾਰ ਸਬੰਧ ਦੇ ਸਬੂਤ ਦਿਖਾਉਣ ਲਈ ਦਸਤਾਵੇਜ਼ ਪ੍ਰਦਾਨ ਕਰਨਾ ਲਾਜ਼ਮੀ ਹੈ (ਉਦਾਹਰਨ ਲਈ, ਬੱਚੇ ਦੇ ਜਨਮ ਸਰਟੀਫਿਕੇਟ ਦੀ ਇੱਕ ਕਾਪੀ, ਗੋਦ ਲੈਣ ਲਈ ਪਲੇਸਮੈਂਟ ਕਰਾਰ, ਜਾਂ ਪਾਲਣ ਪੋਸਣ ਬਾਰੇ ਦੇਖਭਾਲ ਪਲੇਸਮੇਂਟ ਰਿਕਾਰਡ)।

ਜੇ ਤੁਸੀਂ ਵਰਤਮਾਨ ਵਿੱਚ ਗਰਭ ਅਵਸਥਾ ਨਾਲ ਸਬੰਧਤ ਅਪਾਹਜਤਾ ਬੀਮਾ ਲਾਭ ਲੈ ਰਹੇ ਹੋ, ਤਾਂ ਪੇਡ ਫ਼ੈਮਲੀ ਲੀਵ ਫਾਰਮ ਦੀ ਬੇਨਤੀ ਕਰਨਾ ਜ਼ਰੂਰੀ ਨਹੀਂ ਹੈ। ਤੁਹਾਡਾ ਗਰਭ ਅਵਸਥਾ ਸਬੰਧੀ ਅਪਾਹਜਤਾ ਦਾਅਵਾ ਖ਼ਤਮ ਹੋਣ 'ਤੇ, ਬੌਂਡਿੰਗ ਦਾ ਦਾਅਵਾ ਦਾਇਰ ਕਰਲ ਦਾ ਫ਼ਾਰਮ ਤੁਹਾਡੇ SDI Online ਖਾਤੇ ਜਾਂ ਡਾਕ ਰਾਹੀਂ ਭੇਜ ਦਿੱਤਾ ਜਾਵੇਗਾ।

ਜੇਕਰ ਤੁਸੀਂ ਕਿਸੇ ਸਵੈ-ਇੱਛਤ ਯੋਜਨਾ ਹੇਠ ਕਵਰਡ ਹੋ, ਤਾਂ ਆਪਣੀ ਕਵਰੇਜ ਅਤੇ ਲਾਭਾਂ ਲਈ ਅਰਜ਼ੀ ਦੇਣ ਦੇ ਤਰੀਕੇ ਬਾਰੇ ਹਿਦਾਇਤਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਆਪਣੇ ਮਾਲਕ ਨਾਲ ਸੰਪਰਕ ਕਰੋ।

**ਜੇ ਤੁਹਾਡਾ ਦਾਅਵਾ ਨਾਮਨਜ਼ੂਰ ਕਰ ਦਿੱਤਾ ਜਾਂਦਾ ਹੈ, ਤਾਂ ਤੁਸੀਂ ਇਹਨਾਂ ਦੇ ਹੱਕਦਾਰ ਹੋ:**

- ਇਨਕਾਰ ਕਰਨ ਦਾ ਕਾਰਨ ਜਾਣਨਾ।
- ਲਾਭਾਂ ਲਈ ਤੁਹਾਡੀ ਯੋਗਤਾ ਬਾਰੇ ਫ਼ੈਸਲੇ ਦੀ ਅਪੀਲ ਕਰਨਾ। ਅਪੀਲਾਂ ਬਾਰੇ ਜਾਣਕਾਰੀ ਲਈ **edd.ca.gov/Disability/Appeals.htm**'ਤੇ ਜਾਓ।

ਕਨੂੰਨ ਦੁਆਰਾ ਮਨਜ਼ੂਰਸ਼ੁਦਾ ਮਕਸਦਾਂ ਤੋਂ ਇਲਾਵਾ ਦਾਅਵਾ-ਸਬੰਧੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ।